# ਸਰਮਾਏਦਾਰੀ ਨਿਜ਼ਾਮ ਤੇ ਨਵੀਆਂ ਕਾਢਾਂ

ਸਰਮਾਏਦਾਰੀ ਨਿਜ਼ਾਮ ਦੇ ਹਾਮੀ ਲੋਟੂਆਂ ਦੇ ਝੂਠ ਦੇ ਕਾਰਖਾਨੇ ਦੀ ਪੈਦਾਵਾਰ ਇਕ ਦਲੀਲ ਇਹ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਨਵੀਆਂ ਇਜਾਦਾਂ ਅਤੇ ਨਵੀਆਂ ਕਾਢਾਂ ਕੱਢਣ ਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਇਥਾਂ ਨੂੰ ਲਾਗੂ ਕਰਨ ਨੂੰ ਤਰਜੀਹ ਦਿਤੀ ਜਾਂਦੀ ਹੈ ਅਤੇ ਇਸ ਕਰਕੇ ਕੁਦਰਤੀ ਹੈ ਕਿ ਇਸ ਤੰਤ੍ਰ ਵਿਚ ਨਵੀਆਂ ਕਾਢਾਂ ਨਿਕਲਦੀਆਂ ਹੀ ਰਹਿੰਦੀਆਂ ਹਨ। ਉਹ ਦਾਅਵੇ ਕਰਦੇ ਹਨ ਕਿਸੇ ਹੋਰ ਤਰਾਂ ਦੇ ਨਿਜ਼ਾਮ ਵਿਚ ਇਹ ਕਾਢਾਂ ਨਹੀਂ ਨਿਕਲ ਸਕਦੀਆਂ।

ਜੇ ਅਸੀਂ ਮਨੁੱਖਤਾ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਹ ਦਲੀਲ ਬਿਲਕੁਲ ਝੂਠੀ ਹੈ। ਇਨਸਾਨ ਆਪਣੇ ਦਰਪੇਸ਼ ਮਸਲਿਆਂ ਦੇ ਹੱਲ ਲਈ ਸਦਾ ਹੀ ਨਵੀਆਂ ਕਾਢਾਂ ਕੱਢਦਾ ਆਇਆ ਹੈ। ਵਕਤ ਦੇ ਹਾਕਮ ਅਤੇ ਹਾਕਮ ਜਮਾਤਾਂ ਜਿਸ ਨਵੀਂ ਕਾਢ ਅਤੇ ਇਜਾਦ ਵਿਚ ਆਪਣਾ ਫਾਇਦਾ ਦੇਖਦੇ ਹਨ ਉਹਨੂੰ ਹੱਲਾਸ਼ੇਰੀ ਅਤੇ ਤਰਜੀਹ ਦਿੰਦੇ ਹਨ ਅਤੇ ਉਪਰ ਚੁਕਦੇ ਹਨ। ਗਿਆਨੀ, ਵਿਗਿਆਨੀ ਅਤੇ ਹੋਰ ਜ਼ਿਹਨੀ ਲੋਕ ਆਪ ਆਪਣੇ ਖੇਤਰ ਵਿਚ ਸਦਾ ਕਾਢਾਂ ਕਢਦੇ ਰਹਿੰਦੇ ਹਨ ਪਰ ਕਿਹੜੀ ਕਾਢ ਨੂੰ ਅਪਣਾਇਆ ਜਾਵੇਗਾ ਇਹ ਹਾਕਮ ਜਮਾਤ ਅਤੇ ਵਕਤ ਦੇ ਹਾਕਮਾਂ ਉਤੇ ਨਿਰਭਰ ਕਰਦਾ ਹੈ। ਮਿਸਾਲ ਦੇ ਤੌਰ ਤੇ ਯੂਰਪ ਵਿਚ ਸਾਇੰਸ ਦੀਆਂ ਬਹੁਤ ਸਾਰੀਆਂ ਕਾਢਾਂ 11 ਵੀ ਅਤੇ 12ਵੀਂ ਸਦੀ ਵਿਚ ਨਿਕਲੀਆਂ ਸੀ ਪਰ ਰਜਵਾੜਾਸ਼ਾਹੀ ਨੇ ਇਨ੍ਹਾਂ ਨੂੰ ਅਮਲ ਵਿਚ ਨਹੀਂ ਆਉਣ ਦਿਤਾ ਕਿਉਂਕਿ ਇਨ੍ਹਾਂ ਕਾਢਾਂ ਦਾ ਬੁਰਜੁਆਜ਼ੀ ਨੂੰ ਫ਼ਾਇਦਾ ਸੀ ਅਤੇ ਰਜਵਾੜਾਸ਼ਾਹੀ ਨੂੰ ਨੁਕਸਾਨ ਅਤੇ ਰਜਵਾੜੀਸ਼ਾਹੀ ਦੇ ਹੱਥ ਉਸ ਵੇਲੇ ਤਾਕਤ ਸੀ। ਇਨ੍ਹਾਂ ਕਾਢਾਂ ਦਾ ਇਸਤੇਮਾਲ ਸਿਰਫ਼ 15ਵੀਂ 16ਵੀਂ ਸਦੀ ਵਿਚ ਬੁਰਜਵਾਜ਼ੀ ਦੇ ਤਾਕਤ ਵਿਚ ਆਉਣ ਦੇ ਬਾਅਦ ਹੀ ਕੀਤਾ ਜਾ ਸਕਿਆ।

ਅੱਜ ਕਲ ਸਮਾਏਦਾਰਾ ਰਾਜਤੰਤ੍ਰ ਕਿਉਂਕਿ ਹਰ ਗੱਲ ਵਿਚ ਵੱਧ ਤੋਂ ਵੱਧ ਮੁਨਾਫ਼ਾ ਭਾਲਦਾ ਹੈ ਇਸ ਲਈ ਉਹ ਕਾਢਾਂ ਜਿਹੜੀਆਂ ਲੋਕਾਂ ਦੇ ਹੱਕ ਵਿਚ ਹਨ ਪਰ ਜਿਨ੍ਹਾਂ ਨਾਲ ਸਰਮਾਏਦਾਰਾਂ ਨੂੰ ਮੁਨਾਫ਼ੇ ਨੂੰ ਖ਼ਤਰਾ ਪੈਦਾ ਕਰਦੀਆਂ ਹਨ ਉਨ੍ਹਾਂ ਕਾਢਾਂ ਨੂੰ ਰਾਜ ਤੰਤ੍ਰ ਅਤੇ ਹਾਕਮ ਜਮਾਤਾਂ ਵਲੋਂ ਕੋਈ ਹੁੰਗਾਰਾ ਨਹੀਂ ਮਿਲਦਾ। ਮਿਸਾਲ ਦੇ ਤੌਰ ਤੇ ਹਿੰਦੁਸਤਾਨ ਵਿਚ ਕਰੋੜਾਂ ਹੀ ਟਨ ਅਨਾਜ ਗੁਦਾਮਾਂ ਵਿਚ ਸੜ ਰਿਹਾ ਹੈ ਅਤੇ ਕਰੋੜਾਂ ਹੀ ਲੋਕਾਂ ਨੂੰ ਭੁੱਖਮਰੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਪਰ ਰਾਜ ਤੰਤ੍ਰ ਅਤੇ ਹਾਕਮ ਜਮਾਤਾਂ ਭੁੱਖੇ ਲੋਕਾਂ ਨੂੰ ਇਹ ਅਨਾਜ ਦੇਣ ਨੂੰ ਤਿਆਰ ਨਹੀਂ। ਹਾਲਾਂਕਿ ਇਹ ਅਨਾਜ ਲੋਕਾਂ ਨੇ ਆਪਣੀ ਮਿਹਨਤ ਨਾਲ ਪੈਦਾ ਕੀਤਾ ਹੈ ਅਤੇ ਲੋਕਾਂ ਦੇ ਪੈਸੇ ਨਾਲ ਹੀ ਸਰਕਾਰ ਨੇ ਖ਼ਰੀਦਿਆ ਹੈ। ਢੋਆ ਢੁਆਈ ਦੇ ਸਾਧਨ ਮੌਜੂਦ ਹੋਣ ਦੇ ਬਾਵਜੂਦ ਇਹ ਅਨਾਜ ਸੜ ਭਾਵੇ ਜਾਵੇ ਪਰ ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਇਹ ਗੱਲ ਕਰਨ ਨੂੰ ਤਿਆਰ ਨਹੀਂ ਇਹ ਅਨਾਜ ਲੋਕਾਂ ਤੱਕ ਪੁੱਜਦਾ ਕੀਤਾ ਜਾਵੇ ਕਿਉਂਕਿ ਗੁਦਾਮਾਂ ਵਿਚ ਪਏ ਅਨਾਜ ਨੂੰ ਦੱਬ ਕੇ ਉਹ ਮੰਡੀ ਵਿਚ ਅਨਾਜ ਦੀ ਵੱਧ ਤੋਂ ਵੱਧ ਕੀਮਤ ਲੈ ਸਕਦੇ ਹਨ ਤੇ ਵਧੇਰੇ ਮੁਨਾਫ਼ੇ ਬਣਾ ਸਕਦੇ ਹਨ। ਅਨਾਜ ਦੀ ਕੀਮਤ ਉਚੀ ਰੱਖਣ ਅਤੇ ਆਪਣੇ ਮੁਨਾਫ਼ੇ ਵਧਾਉਣ ਲਈ ਅਮਰੀਕਾ ਅਤੇ ਯੂਰਪ ਵਿਚ ਵੀ ਹਰ ਸਾਲ ਕਰੋੜਾਂ ਟਨ ਅਨਾਜ ਨੂੰ ਸਾੜਿਆ ਜਾਂਦਾ ਹੈ।

ਊਰਜਾ ਦੇ ਖੇਤਰ ਵਿਚ ਵੀ ਕਈ ਤਰਾਂ ਦੀਆਂ ਕਾਢਾਂ ਨਿਕਲ ਚੁੱਕੀਆਂ ਹਨ। ਪਰ ਰਾਜ ਤੰਤ੍ਰ ਅਤੇ ਹਾਕਮ ਜਮਾਤਾਂ ਉਨ੍ਹਾਂ ਕਾਢਾਂ ਨੂੰ ਹੁੰਗਾਰਾ ਦੇਣ ਨੂੰ ਤਿਆਰ ਨਹੀਂ, ਕਿਉਂਕਿ ਇਨ੍ਹਾਂ ਨਾਲ ਉਨ੍ਹਾਂ ਦੇ ਮੁਨਾਫ਼ਿਆਂ ਨੂੰ ਖ਼ਤਰਾ ਪੈ ਜਾਵੇਗਾ। ਮਿਸਾਲ ਦੇ ਤੌਰ ਤੇ ਸੂਰਜ ਤੋਂ ਊਰਜਾ ਲੈਣ ਦੀਆਂ ਤਕਨੀਕਾਂ ਈਜਾਦ ਹੋ ਚੁੱਕੀਆਂ ਹਨ। ਇਨ੍ਹਾਂ ਨੂੰ ਵੱਡੇ ਪੈਮਾਨੇ ਤੇ ਵਿਕਸਤ ਅਤੇ ਲਾਗੂ ਕਰਨ ਲਈ ਲਈ ਪੂੰਜੀ ਦੀ ਲੋੜ ਹੈ। ਅਮਰੀਕੀ ਸਰਕਾਰ, ਹਿੰਦੁਸਤਾਨੀ ਸਰਕਾਰ, ਸਰਮਾਏਦਾਰ ਜਾਂ ਹੋਰ ਸਰਕਾਰਾਂ ਇਸ ਕੰਮ ਲਈ ਪੂੰਜੀ ਲਾਉਣ ਲਈ ਤਿਆਰ ਨਹੀਂ ਕਿਉਂਕਿ ਇਸ ਨਾਲ ਤੇਲ ਦੀਆਂ ਅਜਾਰੇਦਾਰ ਕੰਪਨੀਆਂ ਦੇ ਮੁਨਾਫ਼ਿਆਂ ਨੂੰ ਖ਼ਤਰਾ ਹੋ ਜਾਵੇਗਾ। ਤੇਲ ਦੀਆਂ ਅਜਾਰੇਦਾਰ ਕੰਪਨੀਆਂ ਰਾਜ ਤੰਤ੍ਰ ਅਤੇ ਸਰਕਾਰਾਂ ਉੱਤੇ ਭਾਰੂ ਹਨ। ਲੋਕਾਂ ਦੀਆਂ ਅੱਖਾਂ ਪੂੰਝਣ ਲਈ ਉਹ ਇਸ ਖੇਤਰ ਬਾਰੇ ਕਦੇ ਕਦੇ ਗੱਲਬਾਤ ਤਾਂ ਕਰਦੇ ਰਹਿੰਦੇ ਹਨ ਪਰ ਸੰਜੀਦਗੀ ਨਾਲ ਕੋਈ ਕਦਮ ਨਹੀਂ ਪੁਟਦੇ। ਇਸੇ ਤਰਾਂ ਤਕਨੀਕ ਅਤੇ ਪੈਦਾਵਾਰ ਦੀਆਂ ਤਾਕਤਾਂ ਇਸ ਪੱਧਰ ਤਕ ਪਹੁੰਚ ਗਈਆਂ ਹਨ ਕਿ ਬਹੁਤ ਹੀ ਘੱਟ ਲੋਕ ਬਹੁਤ ਹੀ ਜ਼ਿਆਦਾ ਵਸਤਾਂ ਪੈਦਾ ਕਰ ਲੈਂਦੇ ਹਨ ਪਰ ਇਸ ਨਾਲ ਲੋਕਾਂ ਦੇ ਵਿਹਲ ਅਤੇ ਸੁਖ ਵਿਚ ਵਾਧਾ ਹੋਣ ਦੇ ਬਜਾਏ ਬੇਰੁਜ਼ਗਾਰੀ ਅਤੇ ਲੁੱਟ ਹੀ ਵਧੇ ਹਨ।

ਇਸੇ ਤਰਾਂ ਸਿਆਸੀ ਅਤੇ ਰਾਜਨੀਤੀ ਦੇ ਖੇਤਰ ਵਿਚ ਲੋਕਾਂ ਨੇ ਆਪਣੇ ਤਜਰਬੇ ਤੋਂ ਪਰਜਾ ਰਾਜ ਦੀ ਨਵੀਂ ਸਿਆਸੀ ਪ੍ਰਣਾਲੀ ਨੂੰ ਜਨਮ ਦਿਤਾ ਹੈ ਜਿਸ ਵਿਚ ਸਭਨਾਂ ਦੇ ਹੱਕਾਂ ਦੀ ਜ਼ਾਮਨੀ ਦਿਤੀ ਜਾ ਸਕਦੀ ਹੈ ਅਤੇ ਲੋਕ ਖ਼ੁਦ ਹੀ ਹਾਕਮ ਬਣ ਸਕਦੇ ਹਨ। ਪਰ ਹਾਕਮ ਜਮਾਤਾਂ, ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਅਤੇ ਰਾਜ ਤੰਤ੍ਰ ਇਸ ਨਵੀਂ ਸਿਆਸੀ ਪ੍ਰਣਾਲੀ ਨੂੰ ਹੁੰਗਾਰਾ ਦੇਣ ਨੂੰ ਤਿਆਰ ਨਹੀਂ ਬਲਕਿ ਗਲੀ ਸੜੀ ਪੁਰਾਣੀ ਹੀ ਸਿਆਸੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਲੋਕਾਂ ਤੇ ਜ਼ੋਰ ਪਾ ਰਹੇ ਹਨ। ਅਮਰੀਕਨ ਸਾਮਰਾਜੀਏ ਇਹ ਗਲੀ ਸੜੀ ਸਿਆਸੀ ਪ੍ਰਣਾਲੀ ਅਤੇ ਤੰਤ੍ਰ ਸਾਰੀ ਦੁਨੀਆ ਤੇ ਜ਼ੋਰ ਨਾਲ ਥੋਪਣਾ ਚਾਹੁੰਦੇ ਹਨ।

ਜਿਸ ਨਵੀਂ ਕਾਢ ਅਤੇ ਇਜਾਦ ਜਿਸ ਨਾਲ ਲੋਕਾਂ ਨੂੰ ਫ਼ਾਇਦਾ ਪਹੁੰਚਦਾ ਹੈ ਅਤੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਨੂੰ ਖ਼ਤਰਾ ਪਹੁੰਚਦਾ ਹੈ ਉਸ ਨਵੀਂ ਕਾਢ ਨੂੰ ਸਰਮਾਏਦਾਰੀ ਤੰਤ੍ਰ ਅਤੇ ਸਾਮਰਾਜੀਏ ਗੋਲੀ ਸਿੱਕੇ ਅਤੇ ਬਾਰੂਦ ਨਾਲ ਵੀ ਕੁਚਲਣ ਲਈ ਤਿਆਰ ਹਨ। ਸਾਮਰਾਜੀਆਂ ਅਤੇ ਉਨ੍ਹਾਂ ਦੇ ਜੁੰਡੀਦਾਰਾਂ ਦਾ ਸਿਰਫ਼ ਇਕੋ ਹੀ ਮੂਲ-ਮੰਤਰ ਹੈ ਉਹ ਹੈ ਵੱਧ ਤੋਂ ਵੱਧ ਮੁਨਾਫ਼ੇ। ਉਹ ਭਾਵੇ ਕਿਸੇ ਵੀ ਤਰੀਕੇ ਨਾਲ ਬਣਾਏ ਜਾਣ।

ਅੱਜ ਦੇ ਦੌਰ ਵਿਚ ਸਿਰਫ਼ ਮਜ਼ਦੂਰ ਜਮਾਤ ਅਤੇ ਹੋਰ ਪਸਮਾਂਦਾ ਲੋਕ ਹੀ ਲੋਕ ਪੱਖੀ ਨਵੀਆਂ ਕਾਢਾਂ ਅਤੇ ਇਜਾਦਾਂ ਨੂੰ ਹੁੰਗਾਰਾ ਦੇ ਸਕਦੇ ਹਨ ਕਿਉਂਕਿ ਇਹ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਦਦਗਾਰ ਹੋ ਸਕਦੀਆਂ ਹਨ। ਇਸ ਲਈ ਉਨ੍ਹਾਂ ਨੂੰ ਆਪਣਾ ਰਾਜ ਤੰਤ੍ਰ ਕਾਇਮ ਕਰਕੇ ਕੁਦਰਤ ਅਤੇ ਮਨੁੱਖੀ ਵਸੀਲਿਆਂ ਨੂੰ ਸਭਨਾਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਸਰਬੱਤ ਦੇ ਭਲੇ ਲਈ ਇਸਤੇਮਾਲ ਕਰਨ ਦੀ ਲੋੜ ਹੈ। ਇਤਿਹਾਸ ਅਤੇ ਤਜਰਬਾ  ਦੱਸਦਾ ਹੈ ਕਿ ਕਿਸੇ ਵੀ ਲੋਕ ਪੱਖੀ ਨਵੀਂ ਕਾਢ ਨੂੰ ਸਰਮਾਏਦਾਰ ਅਤੇ ਸਾਮਰਾਜੀਏ ਹੁੰਗਾਰਾ ਨਹੀਂ ਦੇ ਸਕਦੇ।